CHILDREN'S AID SOCIETY of TORONTO

LA SOCIÉTÉ DE L'AIDE à L'ENFANCE DE TORONTO



# ਚਿਲਡਰਨਜ਼ ਏਡ ਸੋਸਾਇਟੀ ਆਫ ਟੋਰੋਂਟੋ ਦੀਆਂ ਜ਼ਿੰਮੇਵਾਰੀਆਂ ਅਤੇ ਕਲਾਇੰਟ ਦੇ ਹੱਕ

## ਚਿਲਡਰਨਜ਼ ਏਡ ਸੋਸਾਇਟੀ (CAS) ਆਫ ਟੋਰੋਂਟੋ ਦੀਆਂ ਕੀ ਜ਼ਿੰਮੇਵਾਰੀਆਂ ਹਨ ?

ਬੱਚਿਆਂ ਦੀ ਸੁਰੱਖਿਆ ਸਾਡੀ ਪਰਮ ਜ਼ਿੰਮੇਵਾਰੀ ਹੈ। ਅਸੀਂ ਦ ਚਾਇਲਡ ਐਂਡ ਫੈਮਲੀ ਸਰਵਿਸਿਜ਼ ਐਕਟ (ਓਨਟਾਰਿਓ) ਦੇ ਹੇਠ ਕਿਸੀ ਵੀ ਅਜਿਹੀ ਸਥਿਤੀ ਵਿੱਚ ਦਖਲ ਦੇਣ ਲਈ ਕਾਨੂੰਨੀ ਰੂਪ ਨਾਲ ਆਦੇਸ਼ ਹੇਠ ਹਾਂ ਜਿਥੇ ਟੋਰੋਂਟੋ ਵਿੱਚ 16 ਸਾਲ ਤੋਂ ਘੱਟ ਉਮਰ ਦੇ ਕਿਸੀ ਬੱਚੇ ਨੂੰ ਸਰੀਰਕ, ਜਾਂ ਭਾਵਾਤਮਕ ਹਾਨੀ ਪਹੁੰਚਾਈ ਗਈ ਹੈ, ਲਿੰਗਕ ਦੁਰਵਿਹਾਰ, ਜਾਂ ਅਣਗਹਿਲੀ ਕੀਤੀ ਗਈ ਹੈ, ਜਾਂ ਉਸ ਨੂੰ ਇਸ ਨਾਲ ਧਮਕਾਇਆ ਜਾਂਦਾ ਹੈ।

## ਸੀ ਏ ਐਸ (CAS) ਆਫ ਟੋਰੋਂਟੋ ਕੀ ਸੇਵਾਵਾਂ ਮੁਹੱਈਆ ਕਰਦੀ ਹੈ ?

ਪਰਿਵਾਰਕ ਸਹਾਰੇ, ਫੌਸਟਰ ਦੇਖਭਾਲ, ਲਿੰਗਕ ਦੁਰਵਿਹਾਰ ਦੇ ਪੀੜਤਾਂ ਲਈ ਸਮੂਹਾਂ, ਗੋਦ ਲਏ ਜਾਣ ਅਤੇ ਗਰਭਵਤੀ ਔਰਤਾਂ ਲਈ ਸਹਾਇਤਾ ਦੇ ਨਾਲ ਬੱਚਿਆਂ ਵਾਸਤੇ ਪ੍ਰਬੰਧਨ ਸੇਵਾਵਾਂ। ਅਸੀਂ ਲੋਕਾਂ ਨੂੰ ਸਮਾਜ ਵਿੱਚ ਦੂਸਰੀਆਂ ਸੇਵਾਵਾਂ ਦੇ ਨਾਲ ਜੋੜਦੇ ਵੀ ਹਾਂ।

## ਜਦੋਂ ਇੱਕ ਰਿਪੋਰਟ ਕੀਤੀ ਜਾਂਦੀ ਹੈ ਤਾਂ ਕੀ ਹੁੰਦਾ ਹੈ ?

ਇੱਕ ਮਾਤਾ ਜਾਂ ਪਿਤਾ ਜਾਂ ਬੱਚਾ ਸਾਨੂੰ ਸਿੱਧਾ ਫੋਨ ਕਰ ਸਕਦਾ ਹੈ। ਭਾਈਚਾਰੇ ਵਿੱਚ ਇੱਕ ਰਿਸ਼ਤੇਦਾਰ, ਦੋਸਤ, ਅਧਿਆਪਕ, ਪਬਲਿਕ ਹੈਲਥ ਨਰਸ, ਡਾਕਟਰ ਜਾਂ ਕੋਈ ਹੋਰ ਪੇਸ਼ੇਵਰ ਰੈਫਰਲਾਂ ਕਰ ਸਕਦੇ ਹਨ।

ਜੇ ਕੋਈ ਰਿਪੋਰਟ ਕਰਦਾ ਹੈ ਕਿ ਤੁਹਾਡੇ ਬੱਚੇ ਨਾਲ ਦੁਰਵਿਹਾਰ ਜਾਂ ਉਸ ਦੀ ਅਣਗਹਿਲੀ ਹੋ ਰਹੀ ਹੈ, ਤਾਂ ਸੀ ਏ ਐਸ (CAS) ਆਫ ਟੋਰੋਂਟੋ ਦਾ ਇੱਕ ਵਰਕਰ ਇਹ ਨਿਰਧਾਰਤ ਕਰਨ ਲਈ ਤੁਹਾਡੇ ਪਰਿਵਾਰ ਨਾਲ ਮੁਲਾਕਾਤ ਕਰਨ ਆਏਗਾ ਜੇਕਰ ਦੁਰਵਿਹਾਰ ਹੋ ਰਿਹਾ ਹੈ। ਜੇ ਵਰਕਰ ਸੋਚਦਾ ਹੈ ਕਿ ਤੁਹਾਡੇ ਬੱਚੇ ਨੂੰ ਖਤਰਾ ਹੈ, ਤਾਂ ਉਸਨੂੰ ਇਹ ਫੈਸਲਾ ਕਰਨ ਦੀ ਲੋੜ ਹੋਏਗੀ ਕਿ ਬੱਚੇ ਦੀ ਰੱਖਿਆ ਅਤੇ ਤੁਹਾਡੇ ਪਰਿਵਾਰ ਦੀ ਸਹਾਇਤਾ ਕਿਵੇਂ ਕਰਨੀ ਹੈ। ਸੰਭਵ ਹੈ ਕਿ ਵਰਕਰ ਤੁਹਾਨੂੰ ਸਹਾਰਾ ਦੇਣ ਵਾਲੀਆਂ ਸੇਵਾਵਾਂ ਪੇਸ਼ ਕਰੇ,ਜਾਂ ਤੁਹਾਡੇ ਬੱਚੇ ਨੂੰ ਅਸਥਾਈ ਰੂਪ ਨਾਲ ਘਰ ਤੋਂ ਹਟਾਉਣ ਦਾ ਫੈਸਲਾ ਕਰੇ।

ਜੇ ਪ੍ਰਤੀਤ ਹੁੰਦਾ ਹੈ ਕਿ ਬੱਚੇ ਨੂੰ ਫੌਰੀ ਖਤਰਾ ਹੈ ਅਤੇ ਉਸ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਦਾ ਇਕੱਲਾ ਤਰੀਕਾ ਘਰ ਤੋਂ ਹਟਾਏ ਜਾਣਾ ਹੈ, ਤਾਂ ਅਜਿਹਾ ਤੁਹਾਡੀ ਸਹਿਮਤੀ ਦੇ ਨਾਲ ਜਾਂ ਉਸ ਤੋਂ ਬਿਨਾਂ ਕੀਤਾ ਜਾ ਸਕਦਾ ਹੈ। ਫਿਰ ਬੱਚੇ ਨੂੰ ਇੱਕ ਸੁਰੱਖਿਅਤ ਵਾਤਾਵਰਨ ਵਿੱਚ ਲਿਜਾਇਆ ਜਾਂਦਾ ਹੈ, ਜਿਵੇਂ ਕਿ ਇੱਕ ਪਰਿਵਾਰਕ ਦੋਸਤ, ਰਿਸ਼ਤੇਦਾਰ ਜਾਂ ਫੌਸਟਰ ਘਰ।

## ਪਰਿਵਾਰ ਅਤੇ ਸੀ ਏ ਐਸ (CAS) ਆਫ ਟੋਰੋਂਟੋ ਕਿਸ ਤਰ੍ਹਾਂ ਇਕੱਠੇ ਕੰਮ ਕਰਦੇ ਹਨ ?

ਬੱਚੇ ਸੀ ਏ ਐਸ (CAS) ਆਫ ਟੋਰੋਂਟੋ ਦੀ ਦੇਖਭਾਲ ਵਿੱਚ ਵੱਖ ਵੱਖ ਕਾਰਣਾਂ ਕਰਕੇ ਆਉਂਦੇ ਹਨ। ਸੰਭਵ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੀ ਦੇਖਭਾਲ ਕਰਨ ਤੋਂ ਅਸਮਰਥ ਹਨ, ਕਾਉਂਸਲਿੰਗ ਜਾਂ ਸਿੱਖਿਆ ਵਰਗੇ ਦੂਸਰੇ ਸਹਾਰਿਆਂ ਨੇ ਕੰਮ ਨਹੀਂ ਕੀਤਾ ਜਾਂ ਉਹ ਉਪਲਬਧ ਨਹੀਂ ਹਨ, ਅਤੇ ਦੋਸਤ ਅਤੇ ਰਿਸ਼ਤੇਦਾਰ ਮਦਦ ਨਹੀਂ ਕਰ ਸਕਦੇ।

ਦੇਖਭਾਲ ਵਿੱਚ ਲਏ ਗਏ ਹਰ ਬੱਚੇ ਲਈ, ਛੇ ਹੋਰਾਂ ਦੀ ਸੇਵਾ ਉਨ੍ਹਾਂ ਦੇ ਆਪਣੇ ਘਰਾਂ ਵਿੱਚ ਕੀਤੀ ਜਾਂਦੀ ਹੈ। ਕਈ ਬੱਚਿਆਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਦੁਆਰਾ ਆਪਣੀ ਇੱਛਾ ਨਾਲ ਸਾਡੇ ਕੋਲ ਰੱਖਿਆ ਜਾਂਦਾ ਹੈ, ਜਦਕਿ ਦੂਸਰਿਆਂ ਨੂੰ ਅਦਾਲਤ ਦੇ ਹੁਕਮ ਦੁਆਰਾ ਰੱਖਿਆ ਜਾਂਦਾ ਹੈ। ਕਦੀ ਕਦਾਈਂ, ਬੱਚੇ ਨੂੰ ਸਵੈ –ਇੱਛਤ ਅਧਾਰ ਤੇ ਦੇਖਭਾਲ ਵਿੱਚ ਲਿਆਉਣਾ ਸਭ ਤੋਂ ਚੰਗਾ ਹੋ ਸਕਦਾ ਹੈ। ਅਜਿਹਾ ਤੁਹਾਡੀ ਸਹਿਮਤੀ ਅਤੇ ਤੁਹਾਡੇ ਬੱਚੇ/ਬੱਚੀ ਦੀ ਸਹਿਮਤੀ, ਜੇ ਉਹ 12 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ, ਦੇ ਨਾਲ ਸਮੇਂ ਦੀ ਸੀਮਿਤ ਮਿਆਦ ਲਈ ਕੀਤਾ ਜਾਂਦਾ ਹੈ।

ਜੇ ਤੁਹਾਡੇ ਬੱਚੇ ਨੂੰ ਤੁਹਾਡੀਆਂ ਇੱਛਾਵਾਂ ਦੇ ਵਿਰੁੱਧ ਘਰ ਤੋਂ ਹਟਾਇਆ ਜਾਂਦਾ ਹੈ, ਤਾਂ ਇੱਕ ਜੱਜ ਇਹ ਫੈਸਲਾ ਕਰੇਗਾ ਕਿ ਅਗੇ ਕੀ ਹੋਣਾ ਚਾਹੀਦਾ ਹੈ। ਸੀ ਏ ਐਸ (CAS) ਆਫ ਟੋਰੋਂਟੋ ਦੇ ਲਈ ਪੰਜ ਦਿਨਾਂ ਦੇ ਅੰਦਰ ਸਥਿਤੀ ਨੂੰ ਇੱਕ ਫੈਮਲੀ ਕੋਰਟ ਜੱਜ ਦੇ ਸਾਮ੍ਹਣੇ ਪੇਸ਼ ਕਰਨਾ ਜਰੂਰੀ ਹੈ। ਜੱਜ ਇਸ ਬਾਰੇ ਫੈਸਲਾ ਕਰਦਾ ਹੈ ਕਿ ਬੱਚੇ ਨੂੰ ਸੀ ਏ ਐਸ (CAS) ਆਫ ਟੋਰੋਂਟੋ ਦੀ ਦੇਖਭਾਲ ਵਿੱਚ ਰਹਿਣਾ ਚਾਹੀਦਾ ਹੈ ਜਾਂ ਘਰ ਵਾਪਸ ਜਾਣਾ ਚਾਹੀਦਾ ਹੈ। ਤੁਸੀਂ ਅਦਾਲਤ ਵਿੱਚ ਤੁਹਾਡੀ ਮਦਦ ਕਰਨ ਵਾਸਤੇ ਇੱਕ ਵਕੀਲ ਕਰ ਸਕਦੇ ਹੋ। ਜੇ ਵਕੀਲ ਤੁਹਾਡੇ ਲਈ ਪੁੱਜਤਯੋਗ ਨਹੀਂ ਹੈ, ਤਾਂ ਤੁਹਾਨੂੰ ਲੀਗਲ ਏਡ ਆਫਿਸ ਕੋਲੋਂ ਸਹਾਇਤਾ ਮੰਗਣੀ ਚਾਹੀਦੀ ਹੈ।

## ਬੱਚੇ ਦੇ ਕੀ ਹੱਕ ਹਨ ?

- ਉਸਦੇ ਜੀਵਨ ਦੇ ਬਾਰੇ ਕੀਤੇ ਜਾ ਰਹੇ ਮਹੱਤਵਪੂਰਨ ਫੈਸਲਿਆਂ ਵਿੱਚ ਉਸ ਢੰਗ ਨਾਲ ਭਾਗ ਲੈਣ ਦਾ ਹੱਕ ਜਿਹੜਾ ਉਸਦੀ ਉਮਰ ਅਤੇ ਕਾਬਲੀਅਤ ਲਈ ਉਚਿਤ ਹੈ
- ਲੁਕਾ (privacy) ਦਾ ਹੱਕ
- ਤੁਹਾਡੇ ਨਾਲ ਮੁਲਾਕਾਤ ਦਾ ਹੱਕ, ਜਦੋਂ ਤੱਕ ਇੱਕ ਜੱਜ ਫੈਸਲਾ ਨਹੀਂ ਕਰਦਾ ਜਾਂ ਅਦਾਲਤ ਦਾ ਹੁਕਮ ਸੀ ਏ ਐਸ (CAS) ਵਰਕਰ ਨੂੰ ਇਹ ਫੈਸਲਾ ਨਹੀਂ ਕਰਨ ਦਿੰਦਾ ਹੈ ਕਿ ਅਜਿਹਾ ਕਰਨਾ ਤੁਹਾਡੇ ਬੱਚੇ ਦੇ ਹਿਤ ਵਿੱਚ ਨਹੀਂ ਹੈ

ਹੋਰ...



(...ਜਾਰੀ)

# ਚਿਲਡਰਨਜ਼ ਏਡ ਸੋਸਾਇਟੀ ਆਫ ਟੋਰੋਂਟੋ ਦੀਆਂ ਜ਼ਿੰਮੇਵਾਰੀਆਂ ਅਤੇ ਕਲਾਇੰਟ ਦੇ ਹੱਕ

- ਪੋਸ਼ਕ ਭੋਜਨ, ਉਸ ਦੀਆਂ ਕਾਬਲੀਅਤਾਂ ਲਈ ਢੁੱਕਵੀਂ ਸਿੱਖਿਆ, ਨਿਯਮਿਤ ਮੈਡੀਕਲ ਅਤੇ ਦੰਦਾਂ ਦੀ ਦੇਖਭਾਲ, ਉਮਰ ਲਈ ਉਚਿਤ ਕਪੜਿਆਂ,ਅਤੇ ਸਕੂਲ ਵਿੱਚ ਪੜ੍ਹਾਈ ਤੋਂ ਬਾਅਦ ਦੀਆਂ ਮਨੋਰੰਜਕ ਗਤੀਵਿਧੀਆਂ ਵਿੱਚ ਸਹਿਭਾਗਤਾ ਸਮੇਤ ਉਚਿਤ ਦੇਖਭਾਲ ਪ੍ਰਾਪਤ ਕਰਨ ਦਾ ਹੱਕ
- ਸਰੀਰਕ ਦੁਰਵਿਹਾਰ ਜਾਂ ਸਜ਼ਾ, ਅਤੇ ਭਾਵਾਤਮਕ, ਲਿੰਗਕ ਅਤੇ ਮੌਖਿਕ ਦੁਰਵਿਹਾਰ ਤੋਂ ਆਜ਼ਾਦੀ ਦਾ ਹੱਕ
- ਉਸਦੇ ਧਰਮ ਦਾ ਪਾਲਣ ਕਰਨ ਅਤੇ ਧਾਰਮਿਕ ਸਿੱਖਿਆ ਪ੍ਰਾਪਤ ਕਰਨ ਦਾ ਹੱਕ
- ਉਸਦੇ ਸਭਿਆਚਾਰ ਅਤੇ ਵਿਰਸੇ ਲਈ ਮਹੱਤਵਪੂਰਨ ਗਤੀਵਿਧੀਆਂ ਵਿੱਚ ਸਹਿਭਾਗਤਾ ਦਾ ਹੱਕ
- ਕਾਬਲੀਅਤ, ਲਿੰਗੀ ਰੁਝਾਨ, ਅਤੇ ਲਿੰਗਕ ਪਛਾਣ ਸਮੇਤ, ਉਸਦੀ ਵਿਸ਼ੇਸ਼ਤਾ ਦਾ ਆਦਰ ਕੀਤੇ ਜਾਣ ਦਾ ਹੱਕ

## ਮਾਤਾ – ਪਿਤਾ ਦੇ ਕੀ ਹੱਕ ਹਨ ?

ਸੀ ਏ ਐਸ (CAS) ਆਫ ਟੋਰੋਂਟੋ ਲਈ ਅਦਾਲਤ ਨਾਲ ਸੰਬੰਧਤ ਸਾਰੇ ਮਾਮਲਿਆਂ ਬਾਰੇ ਤੁਹਾਨੂੰ ਸੂਚਿਤ ਕਰਨ ਦੀ ਵਾਜਬ ਕੋਸ਼ਿਸ਼ ਕਰਨਾ ਜਰੂਰੀ ਹੈ। ਜੇ ਫੈਮਲੀ ਕੋਰਟ ਜੱਜ ਫੈਸਲਾ ਕਰਦਾ ਹੈ ਕਿ ਤੁਹਾਡੇ ਬੱਚੇ ਨੂੰ ਸਾਡੀ ਦੇਖਭਾਲ ਵਿੱਚ ਰਹਿਣਾ ਚਾਹੀਦਾ ਹੈ, ਤਾਂ ਸੀ ਏ ਐਸ (CAS) ਆਫ ਟੋਰੋਂਟੋ ਲਈ ਜਰੂਰੀ ਹੈ ਕਿ ਉਹ ਤੁਹਾਨੂੰ ਸੂਚਿਤ ਕਰੇ ਅਤੇ ਤੁਹਾਨੂੰ ਤੁਹਾਡੇ ਬੱਚੇ ਤੇ ਅਸਰ ਪਾਣ ਵਾਲੇ ਸਾਰੇ ਮਹੱਤਵਪੂਰਨ ਫੈਸਲਿਆਂ ਵਿੱਚ ਭਾਗ ਲੈਣ ਦੇਵੇ। ਸੀ ਏ ਐਸ (CAS) ਆਫ ਟੋਰੋਂਟੋ ਦੀਆਂ ਫਾਇਲਾਂ ਵਿਚਲੀ ਕੁਝ ਖਾਸ ਜਾਣਕਾਰੀ ਤੱਕ ਵਾਜਬ ਪਹੁੰਚ ਵੀ ਪ੍ਰਾਪਤ ਹੋਣੀ ਚਾਹੀਦੀ ਹੈ।

ਤੁਹਾਡੇ ਬੱਚੇ ਲਈ ਸਭ ਤੋਂ ਚੰਗਾ ਨਤੀਜਾ, ਚਾਹੇ ਉਹ ਸਮੇਂ ਦੀ ਕਿਸੇ ਮਿਆਦ ਲਈ ਸਾਡੀ ਦੇਖਭਾਲ ਵਿੱਚ ਰਹਿਣਾ ਹੈ, ਜਾਂ ਘਰ ਵਾਪਸ ਮੁੜਨਾ ਹੈ, ਨੂੰ ਸੁਨਿਸ਼ਚਿਤ ਕਰਨ ਲਈ ਇਹ ਸਮਝਾਉਣ ਵਾਸਤੇ ਇੱਕ ਯੋਜਨਾ ਬਣਾਈ ਜਾਏਗੀ ਕਿ ਹਰ ਕਿਸੇ ਨੂੰ ਕੀ ਕਰਨਾ ਚਾਹੀਦਾ ਹੈ।

ਤੁਸੀਂ ਆਪਣੇ ਬੱਚੇ ਦੇ ਨਾਲ ਇਕੱਲੇ ਮਿਲ ਸਕਦੇ ਹੋ, ਜਦ ਤੱਕ ਕਿ ਇੱਕ ਜੱਜ ਜਾਂ ਤੁਹਾਡਾ ਸੀ ਏ ਐਸ (CAS) ਵਰਕਰ ਅਤੇ/ਜਾਂ ਅਦਾਲਤ ਦੇ ਇੱਕ ਹੁਕਮ ਦੁਆਰਾ ਤੁਹਾਡਾ ਸੀ ਏ ਐਸ (CAS) ਵਰਕਰ, ਮੰਨਦਾ ਹੈ ਕਿ ਇਹ ਤੁਹਾਡੇ ਬੱਚੇ ਦੇ ਹਿਤ ਵਿੱਚ ਨਹੀਂ ਹੈ। ਇਹ ਮੁਲਾਕਾਤਾਂ ਤੁਹਾਡੇ ਘਰ ਵਿੱਚ, ਭਾਈਚਾਰੇ ਵਿੱਚ ਜਾਂ ਉਸ ਥਾਂ ਤੇ ਹੋ ਸਕਦੀਆਂ ਹਨ ਜਿਥੇ ਤੁਹਾਡਾ ਬੱਚਾ ਰਹਿ ਰਿਹਾ ਹੈ।

ਤੁਸੀਂ ਅਤੇ ਤੁਹਾਡਾ ਸੀ ਏ ਐਸ (CAS) ਵਰਕਰ (ਅਤੇ ਤੁਹਾਡਾ ਬੱਚਾ ਜੇ ਉਹ ਕਾਫੀ ਉਮਰ ਦਾ ਹੈ) ਚਰਚਾ ਕਰੋਗੇ ਕਿ ਤੁਸੀਂ ਕਦੋਂ, ਕਿਥੇ, ਅਤੇ ਕਿੰਨੀ ਵਾਰੀ ਮੁਲਾਕਾਤ ਕਰ ਸਕਦੇ ਹੋ।

## ਕੀ ਸੀ ਏ ਐਸ (CAS) ਦੇ ਰਿਕਾਰਡ ਗੁਪਤ ਹਨ ?

ਹਾਂ। ਸੀ ਏ ਐਸ (CAS) ਆਫ ਟੋਰੋਂਟੋ ਲਈ ਸਾਡੀ ਗਤੀਵਿਧੀ ਦੇ ਲਿਖਤੀ ਪ੍ਰਮਾਣ ਰੱਖਣ ਲਈ ਅਤੇ ਤੁਹਾਡੇ ਪਰਿਵਾਰ ਦੀ ਸਹਾਇਤਾ ਕਰਨ ਲਈ ਮਹੱਤਵਪੂਰਨ ਜਾਣਕਾਰੀ ਇਕੱਠੀ ਕਰਨ ਵਾਸਤੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਸਾਰੇ ਸੰਪਰਕਾਂ ਦੇ ਸਹੀ ਰਿਕਾਰਡ ਰੱਖਣਾ ਜਰੂਰੀ ਹੈ। ਸਾਰੇ ਰਿਕਾਰਡ ਗੁਪਤ ਹਨ ਅਤੇ ਉਨ੍ਹਾਂ ਦੇ ਵਿਸ਼ੇ ਵਸਤੂ ਦੇ ਇਜ਼ਹਾਰ ਨੂੰ ਸਖ਼ਤੀ ਨਾਲ ਨਿਯੰਤ੍ਰਿਤ ਕੀਤਾ ਜਾਂਦਾ ਹੈ।

ਤੁਹਾਨੂੰ ਹੱਕ ਹੈ:

- ਆਪਣੇ ਰਿਕਾਰਡ ਦੀ ਸਮੀਖਿਆ ਕਰਨ ਅਤੇ ਉਸ ਨੂੰ ਸਮਝਣ ਦਾ
- ਰਿਕਾਰਡ ਨੂੰ ਤੁਹਾਨੂੰ ਸਮਝਾਏ ਜਾਣ ਦਾ
- ਸੰਸ਼ੋਧਨਾਂ ਦੀ ਮੰਗ ਕਰਨ ਦਾ

## ਜੇ ਸੀ ਏ ਐਸ (CAS) ਆਫ ਟੋਰੋਂਟੋ ਦੀ ਸੇਵਾ ਦੇ ਬਾਰੇ ਚਿੰਤਾਵਾਂ ਹਨ ਤਾਂ ਕੀ ?

ਜੇ ਕੋਈ ਸਮਸਿਆ ਹੁੰਦੀ ਹੈ, ਤਾਂ ਅਸੀਂ ਉਸ ਦਾ ਸਮਾਧਾਨ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਜੇ ਤੁਹਾਡੀਆਂ ਕੋਈ ਚਿੰਤਾਵਾਂ ਜਾਂ ਸਵਾਲ ਹਨ ਤਾਂ ਕਿਰਪਾ ਕਰਕੇ ਬਿਨਾਂ ਝਿਜਕ ਆਪਣੇ ਸੀਏਐਸ ਵਰਕਰ ਨਾਲ ਗੱਲ ਕਰੋ।

ਜੇ ਤੁਸੀਂ ਅਤੇ ਤੁਹਾਡਾ ਸੀਏਐਸ ਵਰਕਰ ਸਮਾਧਾਨ ਨਹੀਂ ਕਰ ਸਕਦੇ, ਤਾਂ ਸੀਏਐਸ ਸੁਪਰਵਾਈਜ਼ਰ ਦੇ ਨਾਲ ਗੱਲ ਕਰੋ। ਸਾਡਾ ਅਨੁਭਵ ਰਿਹਾ ਹੈ ਕਿ ਜਿਆਦਾਤਰ ਮਾਮਲੇ ਆਮਤੌਰ ਤੇ ਇਸ ਪੜਾਅ ਤੇ ਸੁਲਝ ਜਾਂਦੇ ਹਨ। ਪਰ, ਜੇ ਤੁਸੀਂ, ਤੁਹਾਡਾ ਸੋਸ਼ਲ ਵਰਕਰ ਅਤੇ ਸੁਪਰਵਾਈਜ਼ਰ ਸਮੱਸਿਆ ਦਾ ਸਮਾਧਾਨ ਨਹੀਂ ਕਰ ਸਕਦੇ,ਤਾਂ ਸੀਏਐਸ ਦੀ ਸ਼ਿਕਾਇਤ ਕਰਨ ਦੀ ਰਸਮੀ ਬਿਧੀ ਹੈ ਜਿਹੜੀ ਤੁਹਾਨੂੰ ਸਮਝਾਈ ਜਾਏਗੀ। ਤੁਸੀਂ ਕਿਸੇ ਵੀ ਸਮੇਂ ਸ਼ਿਕਾਇਤ ਬਿਧੀ ਦੀ ਲਿਖਤੀ ਕਾਪੀ ਦੀ ਮੰਗ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਚਿਲਡਰਨਜ਼ ਏਡ ਸੋਸਾਇਟੀ ਆਫ ਟੋਰੋਂਟੋ ਨੂੰ

**416-924-4646** ਤੇ ਫੋਨ ਕਰੋ ਜਾਂ **inquiries@TorontoCAS.ca**

**www.TorontoCAS.ca**